# ਮਕਾਨ ਕਿਰਾਏ 'ਤੇ ਲੈਣ ਵੇਲੇ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੇ 5 ਤਰੀਕੇ

ਹੋ ਸਕਦਾ ਤੁਹਾਨੂੰ ਇਸ ਵੇਲੇ ਆਪਣੇ ਲੈਂਡਲਾਰਡ (ਮਾਲਕ-ਮਕਾਨ) ਨਾਲ ਕੋਈ ਸਮੱਸਿਆ ਨਾ ਹੋਵੇ। ਬਦਕਿਸਮਤੀ ਨਾਲ, ਇਸ ਵਿਚ ਤਬਦੀਲੀ ਆ ਸਕਦੀ ਹੈ, ਅਤੇ ਜੇ ਤਬਦੀਲੀ ਆਉਂਦੀ ਹੈ ਤਾਂ ਇਸ ਲਈ ਤਿਆਰੀ ਰੱਖਣਾ ਜ਼ਰੂਰੀ ਹੈ। ਹਰ ਇਕ ਚੀਜ਼ ਦੇ ਰਿਕਾਰਡ ਰੱਖੋ ਅਤੇ ਚਿੱਠੀਆਂ ਅਤੇ ਰਸੀਦਾਂ ਨੂੰ ਕਿਸੇ ਫੋਲਡਰ ਜਾਂ ਵੱਡੇ ਲਿਫਾਫੇ ਵਿਚ ਸਾਂਭੋ, ਅਤੇ ਇਨ੍ਹਾਂ ਖਿਆਲਾਂ 'ਤੇ ਵਿਚਾਰ ਕਰੋ:

**1. ਰਸੀਦਾਂ ਲਵੋ**

➢ ਤੁਸੀਂ ਰਸੀਦ ਮੰਗ ਸਕਦੇ ਹੋ, ਪਰ ਕਾਨੂੰਨ ਲੈਂਡਲਾਰਡ ਤੋਂ ਰਸੀਦ ਦੇਣ ਦੀ ਸਿਰਫ ਉਦੋਂ ਹੀ ਮੰਗ ਕਰਦਾ ਹੈ ਜਦੋਂ ਕਿਰਾਇਆ ਨਗਦ ਦਿੱਤਾ ਜਾਂਦਾ ਹੈ। ਜੇ ਲੈਂਡਲਾਰਡ ਕਾਨੂੰਨ ਦੀ ਪਾਲਣਾ ਨਹੀਂ ਕਰਦਾ ਅਤੇ ਤੁਹਾਨੂੰ ਰਸੀਦ ਦੇਣ ਤੋਂ ਨਾਂਹ ਕਰਦਾ ਹੈ ਤਾਂ ਤੁਹਾਨੂੰ ਕਿਸੇ ਹੋਰ ਤਰੀਕੇ ਨਾਲ ਇਹ ਸਾਬਤ ਕਰਨਾ ਪਵੇਗਾ ਕਿ ਤੁਸੀਂ ਆਪਣਾ ਕਿਰਾਇਆ ਦਿੱਤਾ ਹੈ। ਜੇ ਤੁਸੀਂ ਕਰ ਸਕਦੇ ਹੋਵੋ ਤਾਂ ਚੈੱਕ ਜਾਂ ਮਨੀ ਆਰਡਰ ਰਾਹੀਂ ਕਿਰਾਇਆ ਦੇਣਾ ਬਿਹਤਰ ਹੈ, ਅਤੇ ਕਿਰਾਇਆ ਦੇਣ ਵੇਲੇ ਆਪਣੇ ਨਾਲ ਕੋਈ ਗਵਾਹ ਲਿਜਾਓ।

**2. ਲਿਖ ਲਵੋ**

➢ ਚੀਜ਼ਾਂ ਨੂੰ ਲਿਖ ਲੈਣਾ ਇਸ ਚੀਜ਼ ਦਾ ਚੰਗਾ ਰਿਕਾਰਡ ਬਣਾਉਂਦਾ ਹੈ ਕਿ ਕੀ ਵਾਪਰਿਆ ਹੈ। ਤੁਹਾਨੂੰ ਬਾਅਦ ਵਿਚ ਆਪਣੇ ਪੱਖ ਦੀ ਤਸਦੀਕ ਕਰਨ ਦੀ ਲੋੜ ਪੈ ਸਕਦੀ ਹੈ। ਨਾਂਵਾਂ, ਤਰੀਕਾਂ, ਕੀ ਵਾਪਰਿਆ, ਅਤੇ ਕਿਸੇ ਵੀ ਹੋਰ ਮਹੱਤਵਪੂਰਨ ਜਾਣਕਾਰੀ ਦੇ ਵੇਰਵੇ ਰੱਖੋ।

➢ ਜਦੋਂ ਤੁਹਾਨੂੰ ਆਪਣੇ ਲੈਂਡਲਾਰਡ ਨੂੰ ਕਿਸੇ ਲੋੜੀਂਦੀ ਰਿਪੇਅਰ ਜਾਂ ਮੂਵ ਹੋ ਜਾਣ ਵਰਗੀ ਕਿਸੇ ਚੀਜ਼ ਬਾਰੇ ਦੱਸਣ ਦੀ ਲੋੜ ਹੋਵੇ ਤਾਂ ਇਸ ਨੂੰ ਲਿਖਤੀ ਰੂਪ ਵਿਚ ਲਿਖੋ ਅਤੇ ਤਰੀਕ ਅਤੇ ਦਸਤਖਤਾਂ ਵਾਲੀ ਆਪਣੀ ਚਿੱਠੀ ਦੀ ਇਕ ਕਾਪੀ ਆਪਣੇ ਲਈ ਰੱਖੋ।

➢ ਇਸ ਦੇ ਨਾਲ ਹੀ ਜੇ ਤੁਹਾਡਾ ਲੈਂਡਲਾਰਡ ਤੁਹਾਨੂੰ, ਤੁਹਾਡੇ ਕਿਰਾਏਦਾਰੀ ਦੇ ਇਕਰਾਰਨਾਮੇ, ਇੰਸਪੈਕਸ਼ਨ ਰਿਪੋਰਟਾਂ, ਅਤੇ ਚਿੱਠੀਆਂ ਜਾਂ ਨੋਟਿਸਾਂ ਵਰਗੀ ਕੋਈ ਚੀਜ਼ ਦਿੰਦਾ ਹੈ ਤਾਂ ਇਸ ਨੂੰ ਧਿਆਨ ਨਾਲ ਪੜ੍ਹੋ ਅਤੇ ਹਰ ਇਕ ਚੀਜ਼ ਆਪਣੇ ਕੋਲ ਰੱਖੋ।

**3. ਕੋਈ ਗਵਾਹ ਬਣਾਉ**

➢ ਬਹੁਤੀ ਵਾਰੀ ਤੁਸੀਂ ਲਿਖਤੀ ਰੂਪ ਵਿਚ ਚੀਜ਼ਾਂ ਨਹੀਂ ਕਰ ਸਕਦੇ ਜਾਂ ਤੁਸੀਂ ਤਸਵੀਰਾਂ ਨਹੀਂ ਲਈਆਂ ਹੁੰਦੀਆਂ। ਗਵਾਹ ਇਸ ਚੀਜ਼ ਦਾ ਇਕ ਚੰਗਾ ਸਬੂਤ ਹੈ ਕਿ ਕੀ ਵਾਪਰਿਆ ਹੈ - ਉਨ੍ਹਾਂ ਨੇ ਕੀ ਦੇਖਿਆ ਜਾਂ ਸੁਣਿਆ ਹੈ। ਗਵਾਹ ਤੁਹਾਡੇ ਨਾਲ ਰਹਿੰਦੇ ਲੋਕਾਂ ਤੋਂ ਬਾਹਰ ਦਾ ਕੋਈ ਵਿਅਕਤੀ ਹੋਣਾ ਚਾਹੀਦਾ ਹੈ। ਕਮਰੇ ਵਿਚ ਨਾਲ ਰਹਿਣ ਵਾਲਿਆਂ ਅਤੇ ਸਾਥੀਆਂ ਨੂੰ ਚੰਗੇ ਗਵਾਹ ਨਹੀਂ ਸਮਝਿਆ ਜਾਂਦਾ।

**4. ਤਸਵੀਰਾਂ ਲਵੋ**

➢ ਕਦੇ ਕਦੇ ਇਕ ਤਸਵੀਰ ਹੀ ਹਜ਼ਾਰ ਸ਼ਬਦਾਂ ਦੀ ਕਹਾਣੀ ਦੱਸਦੀ ਹੈ। ਤਸਵੀਰਾਂ ਬਹੁਤ ਚੰਗਾ ਸਬੂਤ ਹਨ। ਤੁਹਾਨੂੰ ਤਸਵੀਰ ਦੇ ਪਿਛਲੇ ਪਾਸੇ ਫੋਟੋ ਲੈਣ ਦੀ ਤਰੀਕ ਅਤੇ ਸਮਾਂ ਲਿਖ ਲੈਣਾ ਚਾਹੀਦਾ ਹੈ। ਕੋਈ ਗਵਾਹ ਇਹ ਤਸਦੀਕ ਕਰਨ ਲਈ ਇਸ ਉੱਪਰ ਦਸਤਖਤ ਕਰ ਸਕਦਾ ਹੈ ਕਿ ਇਹ ਸਹੀ ਹੈ।

➢ ਉਦੋਂ ਹੀ ਤਸਵੀਰਾਂ ਲੈ ਲਵੋ ਜਦੋਂ ਤੁਹਾਨੂੰ ਇਹ ਮਹਿਸੂਸ ਹੋਵੇ ਕਿ ਸਮੱਸਿਆ ਹੈ ਕਿਉਂਕਿ ਲੈਂਡਲਾਰਡ ਆ ਕੇ ਸਮੱਸਿਆ ਨੂੰ ਮਾੜੀ ਮੋਟੀ ਠੀਕ ਕਰ ਸਕਦਾ ਹੈ ਜਾਂ ਇਸ ਨੂੰ ਢਕ ਸਕਦਾ ਹੈ ਅਤੇ ਚੰਗੇ ਸਬੂਤ ਦਾ ਤੁਹਾਡਾ ਮੌਕਾ ਜਾਂਦਾ ਰਹਿੰਦਾ ਹੈ।

**5. ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣੋ!**

➢ ਕੋਈ ਚੀਜ਼ ਵਾਜਬ ਦਿਖਾਈ ਦੇ ਸਕਦੀ ਹੈ ਪਰ ਹੋ ਸਕਦਾ ਕਾਨੂੰਨ ਇਸ ਨੂੰ ਇਸ ਤਰ੍ਹਾਂ ਨਾ ਸਮਝਦਾ ਹੋਵੇ। ਚੀਜ਼ਾਂ ਦੇ ਜ਼ਿਆਦਾ ਗੁੰਝਲਦਾਰ ਹੋਣ ਤੋਂ ਪਹਿਲਾਂ ਹੀ ਇਹ ਪਤਾ ਲਾਉ ਕਿ ਕਾਨੂੰਨ ਕੀ ਕਹਿੰਦਾ ਹੈ।

T·R·A·C

ਵੈੱਬਸਾਈਟ (ਬਹੁਭਾਸ਼ਾਈ): **www.tenants.bc.ca**

ਜਾਣਕਾਰੀ ਲਾਈਨ (ਸਿਰਫ ਅੰਗਰੇਜ਼ੀ ਵਿਚ) ਵੈਨਕੂਵਰ ਏਰੀਆ:

**(604) 255-0546**

ਜਾਣਕਾਰੀ ਲਾਈਨ (ਸਿਰਫ ਅੰਗਰੇਜ਼ੀ ਵਿਚ) ਦੂਰੋਂ ਮੁਫਤ:

**1-800-665-1185**

Immigrant PLEI Consortium

**This Project is made possible through funding from the Government of Canada and the Province of British Columbia**